**CLASS : 10+2 (Sen. Secondary)** **Code No. B**

# ਅਭਿਆਸ ਪ੍ਰਸ਼ਨ ਪੱਤਰ (2022-23)

ਪੰਜਾਬੀ
PUNJABI
(Academic / Open)

ਸਮਾਂ : 3 ਘੰਟੇ ਕੁਲ ਅੰਕ : 80

* ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆਂ ਦੀ ਸੰਖਿਆ 4 ਅਤੇ ਪ੍ਰਸ਼ਨ 15 ਹਨ।
* ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ ਕੋਡ ਨੰਬਰ ਅਤੇ ਸੈਟ ਨੂੰ ਵਿਦਿਆਰਥੀ ਉੱਤਰ ਪੁਸਤਕਾਂ ਦੇ ਮੁੱਖ ਪੰਨੇ ਤੇ ਲਿਖਣ।
* ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ।
* ਆਪਣੀ ਉੱਤਰ ਪੁਸਤਿਕਾ ਵਿੱਚ ਖਾਲੀ ਪੰਨਾ / ਪੰਨੇ ਨਾ ਛੱਡੋ।
* ਉੱਤਰ ਪੁਸਤਕਾਂ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।
* ਪ੍ਰੀਖਿਆਰਥੀ ਆਪਣਾ ਰੋਲ ਨੰਬਰ ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ ਪੱਤਰ ਵਿੱਚ ਰੋਲ ਨੰਬਰ ਤੋਂ ਇਲਾਵਾ ਕੁੱਝ ਵੀ ਨਾ ਲਿਖੋ।
* ਕ੍ਰਿਪਾ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਹ ਦੇਖ ਲੋ ਕਿ ਪ੍ਰਸ਼ਨ ਉਤਰ ਪੂਰਾ ਅਤੇ ਠੀਕ ਹੈ। ਪਰੀਖਿਆ ਦੇ ਬਾਅਦ ਵਿਚ ਇਸ ਸਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਵੇਗਾ।
* ਹਰ ਇਕ ਪ੍ਰਸ਼ਨ ਦੇ ਅੱਗੇ ਅੰਕ ਦਿੱਤੇ ਗਏ ਹਨ।

1 ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ। 5

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਦੀ ਨੀਂਦਰ, ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੀ।

ਜਾਂ

ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ, ਉੱਗੀ ਵਿੱਚ ਜੋ ਬੇਲੇ।
ਨਾ ਕੋਈ ਮੇਰੀ ਛਾਵੇਂ ਬੈਠੇ, ਨਾ ਪੱਤ ਖਾਵਣ ਲੇਲੇ।
ਮੈਂ ਰਾਜੇ ਦੀ ਬਰਦੀ ਅੜਿਆ, ਤੂੰ ਰਾਜੇ ਦਾ ਜਾਇਆ।
ਤੂੰਹਿਓਂ ਦੱਸ ਵੇ ਮੋਹਰਾਂ ਸਾਹਵੇਂ, ਮੁੱਲ ਕੀ ਖੋਵਣ ਧੇਲੇ ?

2 ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ। 3
(1) ਕੰਬਦੀ ਕਲਾਈ (2) ਊਸ਼ਾ (3) ਖੂਹ ਉੱਤੇ (4) ਪਦਮਾ

3 ਹੇਠ ਲਿਖੇ ਪ੍ਰਸ਼ਨ ਦਾ ਵਿਸਤਾਰ ਨਾਲ ਉੱਤਰ ਲਿਖੋ। 3
(1) 'ਤਾਜ ਮਹੱਲ' ਕਵਿਤਾ ਦਾ ਕੇਂਦਰੀ ਭਾਵ ਲਿਖੋ।

4 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ। 2*4 = 8
(1) 'ਰਾਧਾ ਸੰਦੇਸ਼' ਕਵਿਤਾ ਦਾ ਅੰਦਾਜ਼ ਬੋਲ-ਚਾਲ ਵਰਗਾ ਹੈ। ਕਿਉਂ ?
(2) ਲੱਖ ਗ਼ਰੀਬਾਂ ਮਜ਼ਦੂਰਾਂ ਦੇ ਹੰਝੂਆਂ 'ਤੇ ਪਲਣ ਵਾਲਾ ਹੁਸਨ, ਹੁਸਨ ਕਿਉਂ ਨਹੀਂ ?
(3) 'ਦਾਗ਼' ਕਵਿਤਾ ਵਿੱਚ 'ਮਾਂ ਦਾ ਮੂੰਹ ਤੇ ਪਿਓ ਦੀ ਪਿੱਠ' ਰਾਹੀਂ ਕੀ ਸੰਕੇਤ ਮਿਲਦਾ ਹੈ ?
(4) 'ਧੀ' ਕਵਿਤਾ ਵਿੱਚ ਕਵੀ ਨੇ ਦੁੱਖ ਨੂੰ ਸਹਿਜਭੁਜ ਕਿਉਂ ਕਿਹਾ ਹੈ ?

5 ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇਕ ਦਾ ਸਾਰ ਲਿਖੋ। 3
(1) ਮਲਕ ਭਾਗੋ ਤੇ ਭਾਈ ਲਾਲੋ (2) ਘਰ ਵਿੱਚ ਹੀ ਗੁਰਿਆਈ (3) ਸੱਭਿਅਤਾ ਦੇ ਦੋ ਪੱਧਰ

6 ਹੇਠ ਲਿਖੇ ਪ੍ਰਸ਼ਨ ਦਾ ਵਿਸਤਾਰ ਨਾਲ ਉੱਤਰ ਲਿਖੋ। 3
(1) ਵੈਦਰ ਕਰਾਫ਼ਟ ਕੌਣ ਸੀ ? ਉਸਨੇ ਆਤਮ-ਘਾਤ ਕਿਉਂ ਕੀਤਾ ?

7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ। 2*5 = 10
(1) 'ਠਾਣੇਦਾਰੀ' ਕਹਾਣੀ ਦਾ ਵਿਸ਼ਾ ਕੀ ਹੈ ?
(2) ਪ੍ਰੋ. ਸਾਹਿਬ ਸਿੰਘ ਨੇ ਨਿਬੰਧ ਦੇ ਅੰਤ ਵਿੱਚ ਕੀ ਸਿੱਟਾ ਕੱਢਿਆ ? 'ਘਰ ਵਿੱਚ ਹੀ ਗੁਰਿਆਈ'
(3) ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਨੀਗਰੋ ਨੇ ਮਾਂਟਰੀਅਲ ਵਿੱਚ ਕਿਵੇਂ ਰਾਤ ਕੱਟੀ ?
(4) ਏਵੀਆ ਦੇ ਚਸ਼ਮੇ ਬਾਰੇ ਤੁਸੀਂ ਕੀ ਜਾਣਦੇ ਹੋ ?
(5) ਲੇਖਕ (ਜੀਤ ਸਿੰਘ ਸ਼ੀਤਲ) ਦੇ ਮੌਤ ਬਾਰੇ ਵਿਚਾਰ ਦੱਸੋ। 'ਸ਼ੀਸ਼ੇ ਸਾਹਮਣੇ'

8 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ। 1*5 = 5
(1) 'ਰਾਧਾ ਸੰਦੇਸ਼' ਕਵਿਤਾ ਦਾ ਕਿਹੜਾ ਛੰਦ ਹੈ ?
(2) 'ਕੌਮ ਲਈ ਕੁਰਬਾਨੀ' ਕਹਾਣੀ ਵਿੱਚ ਕਿੰਨੇ ਪਾਤਰ ਹਨ ?
(3) 'ਬਾਬੇ ਵਰਿਆਮੇਂ ਦੀ ਦਿੱਬ ਦ੍ਰਿਸ਼ਟੀ' ਕਹਾਣੀ ਕਿਹੜੇ ਰਸ ਨਾਲ ਭਰਪੂਰ ਹੈ ?
(4) ਬੀਬੀ ਭਾਨੀ ਜੀ ਨੇ ਚੌਂਕੀ ਦੇ ਟੁੱਟੇ ਪਾਵੇ ਹੇਠ ਕੀ ਰੱਖਿਆ ਸੀ ?
(5) ਪ੍ਰੋ. ਰਿਗਜ਼ ਦਾ ਸੁਭਾਅ ਕਿਹੋ-ਜਿਹਾ ਸੀ ?

9 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਦਾ ਉੱਤਰ ਲਿਖੋ। 5
(1) ਸੋਭਾ ਸ਼ਕਤੀ ਨਾਟਕ ਦਾ ਵਿਸ਼ਾ ਕੀ ਹੈ ? ਸਪਸ਼ਟ ਕਰੋ। ਜਾਂ
'ਸੋਭਾ ਸ਼ਕਤੀ' ਨਾਟਕ ਦੇ ਤੀਜੇ ਨਾਟ ਦਾ ਸਾਰ ਲਿਖੋ।

10 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 3*2 = 6

(1) 'ਸੋਭਾ ਸ਼ਕਤੀ' ਨਾਟਕ ਵਿੱਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ ?

(2) ਸਤੀਸ਼ ਕੌਣ ਹੈ ? ਉਸ ਦੇ ਚਰਿੱਤਰ ਦੇ ਗੁਣ ਲਿਖੋ ।

11 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 2*2 = 4

(1) 'ਸੋਭਾ ਸ਼ਕਤੀ' ਨਾਟਕ ਦਾ ਦੂਜਾ ਨਾਟ ਕਦੋਂ ਅਤੇ ਕਿੱਥੇ ਵਾਪਰਦਾ ਹੈ ?

(2) 'ਸ਼ੋਭਾ ਸ਼ਕਤੀ' ਨਾਟਕ ਦੇ ਸਿਰਲੇਖ ਨੂੰ ਸਪਸ਼ਟ ਕਰੋ ?

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 1*10 = 10

(1) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਨੇ ਕੀਤੀ ?

(i) ਗੁਰੂ ਅੰਗਦ ਦੇਵ ਜੀ (ii) ਗੁਰੂ ਅਮਰਦਾਸ ਜੀ (iii) ਗੁਰੂ ਨਾਨਕ ਦੇਵ ਜੀ (iv) ਗੁਰੂ ਅਰਜਨ ਦੇਵ ਜੀ

(2) ਵਾਰਿਸ ਸ਼ਾਹ ਦਾ ਜਨਮ ਕਦੋਂ ਹੋਇਆ ?

(i) 1734 ਈ.ਵਿੱਚ (ii) 1720 ਈ. ਤੋਂ 1735ਈ. ਵਿੱਚ (iii) 1753 ਈ.ਵਿੱਚ (iv) 1795 ਈ.ਵਿੱਚ

(3) 'ਖੁੱਲ੍ਹੇ ਲੇਖ' ਨਿਬੰਧ-ਸੰਗ੍ਰਹਿ ਕਿਸ ਦੀ ਰਚਨਾ ਹੈ ?

(i) ਪੂਰਨ ਸਿੰਘ (ii) ਧਨੀ ਰਾਮ ਚਾਤ੍ਰਿਕ (iii) ਭਾਈ ਵੀਰ ਸਿੰਘ (iv) ਮੋਹਨ ਸਿੰਘ

(4) ਪ੍ਰੋ: ਮੋਹਨ ਸਿੰਘ ਦੇ ਮਹਾਂਕਾਵਿ ਦਾ ਨਾਂ ਦੱਸੋ ।

(i) ਏਸ਼ਿਆ ਦਾ ਚਾਨਣ (ii) ਨਾਨਕਾਇਣ (iii) ਵਿਸ਼ਵ ਨੂਰ (iv) ਮਰਦ ਅਗੰਮੜਾ

(5) ਸੰਤ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(i) ਧਨੀ ਰਾਮ ਚਾਤ੍ਰਿਕ (ii) ਪੂਰਨ ਸਿੰਘ (iii) ਭਾਈ ਵੀਰ ਸਿੰਘ (iv) ਮੋਹਨ ਸਿੰਘ

(6) 'ਲੂਣਾ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(i) ਮੋਹਨ ਸਿੰਘ (ii) ਭਾਈ ਵੀਰ ਸਿੰਘ (iii) ਸ਼ਿਵ ਕੁਮਾਰ (iv) ਪ੍ਰਿੰ: ਤੇਜਾ ਸਿੰਘ

(7) ਆਈ. ਸੀ. ਨੰਦਾ ਸਾਹਿਤ ਦੇ ਕਿਸ ਖੇਤਰ ਵਿੱਚ ਪ੍ਰਸਿਧ ਹੋਏ ।

(i) ਨਾਟਕ ਵਿੱਚ (ii) ਨਾਵਲ ਵਿੱਚ (iii) ਕਹਾਣੀ ਵਿੱਚ (iv) ਵਾਰਤਕ ਵਿੱਚ

(8) ਬਲਵੰਤ ਗਾਰਗੀ ਦੀ ਰਚਨਾ ਕਿਹੜੀ ਹੈ ?

(i) ਆਰਸੀ (ii) ਮੇਰੀ ਜੀਵਨ ਕਹਾਣੀ (iii) ਨੰਗੀ ਧੁੱਪ (iv) ਗਲੀਏ ਚਿਕੜਿ ਦੂਰ ਘਰਿ

(9) ਗੁਰਬਖ਼ਸ਼ ਸਿੰਘ ਨੇ ਕਿਹੜਾ ਨਗਰ ਵਸਾਇਆ ?

(i) ਬਿਆਸ (ii) ਪ੍ਰੀਤ ਨਗਰ (iii) ਤਰਨਤਾਰਨ (iv) ਉਪਰੋਕਤ ਸਾਰੇ

(10) ਪ੍ਰਿੰ: ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਲਿਖੋ ।

(i) ਮੇਰੀ ਜੀਵਨ ਕਹਾਣੀ (ii) ਮੇਰੇ ਪੱਤੇ ਮੇਰੀ ਖੇੜ (iii) ਆਰਸੀ (iv) ਮੰਜ਼ਿਲ ਦਿਸ ਪਈ

13 ਕਿਸੇ ਇੱਕ ਸਾਹਿਤਕਾਰ ਦੇ ਜੀਵਨ ਤੇ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿਓ : 5

(1) ਭਾਈ ਵੀਰ ਸਿੰਘ (2) ਪ੍ਰੋ. ਮੋਹਨ ਸਿੰਘ (3) ਬਲਵੰਤ ਗਾਰਗੀ

14 ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਅੱਜ ਹਰ ਪਾਸਿਓਂ ਇਹ ਆਵਾਜ਼ ਆ ਰਹੀ ਹੈ ਕਿ ਵਿਦਿਆਰਥੀ ਅਨੁਸ਼ਾਸਨਹੀਣ ਹੁੰਦੇ ਜਾ ਰਹੇ ਹਨ। ਉਹ ਕਿਸੇ ਦੀ ਪਰਵਾਹ ਨਹੀਂ ਕਰਦੇ। ਕਾਲਜ ਅਤੇ ਸਕੂਲ ਸ਼ਰਾਰਤਾਂ ਦੇ ਗੜ੍ਹ ਬਣ ਗਏ ਹਨ। ਪੜ੍ਹਾਈ ਦਾ ਨਾਂ-ਨਿਸ਼ਾਨ ਨਹੀਂ, ਪਰ ਜੇ ਜ਼ਰਾ ਧਿਆਨ ਨਾਲ ਸੋਚੀਏ ਤਾਂ ਇਸ ਦਾ ਜ਼ੁੰਮੇਵਾਰ ਕੌਣ ਹੈ। ਜੇ ਕਿਸੇ ਸੁੰਦਰ ਵਸਤੂ ਨੂੰ ਅਸੀਂ ਕੂੜੇ ਵਿੱਚ ਸੁੱਟ ਕੇ ਇਹ ਆਸ ਰੱਖੀਏ ਕਿ ਉਹ ਸਾਫ-ਸੁਥਰੀ ਰਹੇ ਤਾਂ ਇਸ ਵਿੱਚ ਸਾਡੀ ਆਪਣੀ ਭੁੱਲ ਹੈ. ਅੱਜ ਸਮਾਜ ਵਿਚ ਥਾਂ-ਥਾਂ ਰਿਸ਼ਵਤ ਬਈਮਾਨੀ, ਬੇਇਨਸਾਫੀ, ਧੱਕੇ ਸ਼ਾਹੀ, ਹਰਾਮਖੋਰੀ ਫੈਲੀ ਹੋਈ ਹੈ। ਜੇ ਵਿਦਿਆਰਥੀ ਵੀ ਇਹੋ ਕੰਮ ਕਰਨ ਲੱਗ ਪੈਣ ਤਾਂ ਕੇਵਲ ਉਨ੍ਹਾਂ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ। ਸਾਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

15 ਹੇਠ ਲਿਖਿਆਂ ਕਹਾਣੀਆਂ ਵਿੱਚੋਂ ਕਿਸੇ ਇਕ ਨੂੰ ਵਿਸਤਾਰ ਨਾਲ ਲਿਖੋ । 5

(1) ਹੰਕਾਰਿਆ ਸੋ ਮਾਰਿਆ

(2) ਲਾਲਚ ਬੁਰੀ ਬਲਾਂ ਹੈ

(3) ਏਕਤਾ ਵਿੱਚ ਬੱਲ ਹੈ